20261083
22/01/2026


# ELECTION CELL

**Electoral Registration Officer,**
**AC- 093-BATHINDA RURAL(SC)**
**Gpc Bti, Civil Block, Opposite Cantonment Area Bti.**
**Email:: bathindarural093ac@gmail.com**


ਜ਼ਿੰਮੇਵਾਰ ਬਣੋ ਵੋਟਰ ਬਣੋ

**No ਚਸ/2025/ 242** **Dated: 21-01-2026**

ਵੀ-1

22/01/26

ਵੱਲ,

ਸਮੂਹ ਸੁਪਰਵਾਈਜ਼ਰ/ਬੀ.ਐਲ.ਓ,
093- ਬਠਿੰਡਾ ਦਿਹਾਤੀ।

**ਵਿਸ਼ਾ:-** **ਰਾਸ਼ਟਰੀ ਵੋਟਰ ਦਿਵਸ 25 ਜਨਵਰੀ 2026 ਮਨਾਉਣ ਸਬੰਧੀ ।**

**ਹਵਾਲਾ:-** **ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਦੇ ਦਫਤਰ ਦਾ ਪੱਤਰ ਨੰ: ਚੋਣ-2026/128-33 ਮਿਤੀ 21/01/2026 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਹਰ ਸਾਲ ਦੀ ਤਰਾਂ 25 ਜਨਵਰੀ ਨੂੰ ਰਾਸ਼ਟਰੀ ਵੋਟਰ ਦਿਵਸ ਪੋਲਿੰਗ ਸਟੇਸ਼ਨ ਪੱਧਰ ਤੇ ਮਨਾਇਆ ਜਾਣਾ ਹੈ। ਇਸ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 25 ਜਨਵਰੀ 2026 ਨੂੰ ਆਪਦੇ ਅਧੀਨ ਆਉਂਦੇ ਬੀ.ਐਲ.ਓ. ਦੁਆਰਾ ਵੋਟਰ ਦਿਵਸ ਮਨਾਉਣ ਲਈ ਅਤੇ ਆਪਣੇ ਬੂਥਾਂ ਉਪਰ ਨਿਮਨ ਅਨੁਸਾਰ ਕਾਰਵਾਈ ਕਰਨ ਲਈ ਪਾਬੰਦ ਕੀਤਾ ਜਾਵੇ:-

- ਬੂਥ ਲੈਵਲ ਅਫ਼ਸਰਾਂ ਵੱਲੋਂ ਆਪਣੇ-ਆਪਣੇ ਪੋਲਿੰਗ ਸਟੇਸ਼ਨਾਂ ਰਾਸ਼ਟਰੀ ਵੋਟਰ ਦਿਵਸ ਨੂੰ ਸਮਰਪਿਤ ਇੱਕ ਸਮਾਗਮ ਕਰਵਾਇਆ ਜਾਵੇਗਾ ਜਿਸ ਵਿੱਚ ਉਹ ਨਵੇਂ ਵੋਟਰਾਂ ਨੂੰ ਸਨਮਾਨਿਤ ਕਰਨਗੇ ਅਤੇ ਨਵੇਂ ਵੋਟਰ ਕਾਰਡਾਂ ਦੀ ਵੰਡ ਕਰਨਗੇ।
- ਚੋਣਾਂ/ਵੋਟਰ ਜਾਗਰੂਕਤਾ ਸਬੰਧੀ ਵੀਡੀਓ ਅਤੇ ਹੋਰ ਮਟੀਰੀਅਲ ਇਸ ਸਮਾਗਮ ਵਿੱਚ ਪੇਸ਼ ਕੀਤੇ ਜਾ ਸਕਦੇ ਹਨ ਅਤੇ ਇਹ ਮਟੀਰੀਅਲ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਵਾਲੇ ਵਿਅਕਤੀਆਂ ਨਾਲ ਵਟਸਐਪ ਗਰੁੱਪਾਂ ਰਾਹੀਂ ਜਾਂ ਹੋਰ ਸੋਸ਼ਲ ਮੀਡੀਆ ਸਾਧਨਾਂ ਰਾਹੀਂ ਸਾਂਝਾ ਕੀਤਾ ਜਾਵੇਗ। ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਜਾਵੇ ਕਿ ਇਸ ਸਮਾਗਮ ਦੌਰਾਨ ਸ਼ਾਮਿਲ ਹੋਣ ਵਾਲੇ PWD ਵੋਟਰਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਨਾ ਆਵੇ।
- NVD pledge to be administered to all the people present.

ਉਕਤ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵੋਟਰ ਦਿਵਸ ਵਾਲੇ ਦਿਨ ਸਮੂਹ ਬੂਥ ਲੈਵਲ ਅਫਸਰਾਂ ਦੀ ਹਾਜ਼ਰੀ ਬੂਥਾਂ ਉੱਪਰ ਯਕੀਨੀ ਬਣਾਈ ਜਾਵੇ ਅਤੇ ਇਸਦੇ ਨਾਲ ਹੀ ਆਪ ਨੂੰ ਲਿਖਿਆ ਜਾਂਦਾ ਹੈ ਕਿ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ/ਸ) ਬਠਿੰਡਾ
ਪਿਠ ਅੰਕਣ ਨੰ:-ਪ/1(1)2026/6097 ਮਿਤੀ: 23/01/26
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ, ਜ਼ਿਲ੍ਹਾ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀਆਂ ਨੂੰ ਉਕਤ ਅਨੁਸਾਰ ਕਾਰਵਾਈ ਕਰਨ ਹਿੱਤ ਪਾਬੰਦ ਕੀਤਾ ਜਾਵੇ।

23/01/26

ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ/ਸ)
ਬਠਿੰਡਾ
23/01/26

# ELECTION CELL

**Electoral Registration Officer,**

**AC- 093-BATHINDA RURAL(SC)**

**Gpc Btl, Civil Block, Opposite Cantonment Area Btl.**

**Email:: bathindarural093ac@gmail.com**


ਜ਼ਿੰਮੇਵਾਰ ਬਣੋ ਵੋਟਰ ਬਣੋ

No ਚਸ/2025/ 242 Dated: 21-01-2026

ਉਕਤ ਕੀਤੇ ਪ੍ਰੋਗਰਾਮ ਸਬੰਧੀ ਤਸਵੀਰਾਂ/ਫੋਟੋਜ਼ ਇਸ ਦਫ਼ਤਰ ਦੀ ਈ-ਮੇਲ/ ਵੱਟਸ ਐਪ ਗਰੁੱਪ ਵਿੱਚ ਭੇਜ਼ ਦਿੱਤੀਆਂ ਜਾਣ ਤਾਂ ਜ਼ੋ ਸੰਕਲਿਤ ਰਿਪੋਰਟ ਜਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਪਾਸ ਭੇਜੀ ਜਾ ਸਕੇ।

ਨੱਥੀ/ ਵੋਟਰ ਪ੍ਰਣ

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
093 ਬਠਿੰਡਾ ਦਿਹਾਤੀ ।

ਪਿੱਠ ਅੰਕਣ ਨੰ: ਚੋਣ-2026/243-45 ਮਿਤੀ:21-01-2026

ਉਪਰੋਕਤ ਦੀ ਨਕਲ:-

1. ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾਂ ਹਿਤ ਭੇਜਿਆ ਜਾਂਦਾ ਹੈ।
2. ਸਮੂਹ ਬੂਥ ਲੈਵਲ ਅਫਸਰਾਂ, ਨੂੰ ਭੇਜਕੇ ਹੋਏ ਲਿਖਿਆ ਜਾਂਦਾ ਹੈ ਕਿ ਵੋਟਰ ਦਿਵਸ ਵਾਲੇ ਦਿਨ ਆਪਣੇ ਬੂਥਾਂ ਤੇ ਬੈਠ ਕੇ ਵੋਟਰਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾਵੇ।
3. ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ/ਐ.ਸਿ) ਬਠਿੰਡਾ ਪਾਸ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਜਿੰਨ੍ਹਾਂ ਬਿਲਡਿੰਗਾਂ ਵਿੱਚ 093 ਬਠਿੰਡਾ ਦਿਹਾਤੀ ਵਿਧਾਨ ਸਭਾ ਚੋਣ ਹਲਕਾ ਦੇ ਬੂਥ ਬਣੇ ਹੋਏ ਹਨ, ਉਨ੍ਹਾਂ ਨੂੰ ਉਕਤ ਸ਼ਡਿਊਲ ਅਨੁਸਾਰ ਮਿਤੀ: 25 ਜਨਵਰੀ 2026 ਨੂੰ ਖੁੱਲ੍ਹਾ ਰੱਖਿਆ ਜਾਵੇ ਅਤੇ ਇਸ ਦੌਰਾਨ ਸੈਕਟਰ ਅਫ਼ਸਰ/ਬੀ.ਐਲ.ਓ ਨੂੰ ਵੋਟਰ ਦਿਵਸ ਮਨਾਉਣ ਲਈ ਲੋੜੀਂਦਾ ਸਹਿਯੋਗ ਅਤੇ ਫ਼ਰਨੀਚਰ/ਪਾਣੀ ਆਦਿ ਮੁਹੱਈਆ ਕਰਵਾਇਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
093 ਬਠਿੰਡਾ ਦਿਹਾਤੀ ।

# ELECTOR'S PLEDGE

*We, the citizens of India, having abiding faith in democracy, hereby pledge to uphold the democratic traditions of our country and dignity of free, fair and peaceful elections and to vote in every elections fearlessly and without being influencedby religion, race, caste, community or any inducement.*

# ਵੋਟਰ ਪ੍ਰਣ

ਅਸੀਂ, ਭਾਰਤ ਦੇ ਨਾਗਰਿਕ, ਲੋਕਤੰਤਰ ਵਿੱਚ ਪੂਰਾ ਵਿਸ਼ਵਾਸ ਰੱਖਦੇ ਹੋਏ ਇਹ ਪ੍ਰਣ ਕਰਦੇ ਹਾਂ ਕਿ ਅਸੀਂ ਆਪਣੇ ਦੇਸ਼ ਦੀਆਂ ਲੋਕਤੰਤਰੀ ਪਰੰਪਰਾਵਾਂ ਦੀ ਮਰਿਆਦਾ ਨੂੰ ਕਾਇਮ ਰੱਖਾਂਗੇ ਅਤੇ ਸੁਤੰਤਰ, ਨਿਰਪੱਖ ਅਤੇ ਸ਼ਾਂਤਮਈ ਚੋਣਾਂ ਦੇ ਮਾਣ ਨੂੰ ਬਰਕਰਾਰ ਰੱਖਦੇ ਹੋਏ, ਨਿਡਰ ਹੋ ਕੇ, ਧਰਮ, ਵਰਗ, ਜਾਤੀ, ਭਾਈਚਾਰੇ, ਭਾਸ਼ਾ ਜਾਂ ਹੋਰ ਕਿਸੇ ਵੀ ਲਾਲਚ ਦੇ ਪ੍ਰਭਾਵ ਤੋਂ ਬਿਨਾਂ ਸਾਰੀਆਂ ਚੋਣਾਂ ਵਿੱਚ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਾਂਗੇ।